Tender Heart High School, __, Class-IV (Punjabi)

Chapter-9 Gurpreet Kaur



ਪਿਆਰੇ ਵਿਦਿਆਰਥੀਓ,

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-9 'ਔਂਕੜ' ਦੀ ਮਾਤ੍ਰਾ ਬਾਰੇ ਜਾਣਕਾਰੀ ਦੇਣ ਜਾ ਰਹੀ ਹਾਂ। ਇਹ ਪਾਠ ਤੁਹਾਡੀ ਪਾਠ-ਪੁਸਤਕ 'ਸੁੱਚੇ ਮੋਤੀ' ਦੇ ਪੰਨਾ ਨੰਬਰ-27 ਉੱਤੇ ਦਰਜ ਹੈ। ਜੇ, ਸਾਰੇ ਵਿਦਿਆਰਥੀ ਤਿਆਰ ਹਨ ਤਾਂ ਆਓ, ਅਸੀਂ ਪੜ੍ਹਨਾ ਸ਼ੁਰੂ ਕਰਦੇ ਹਾਂ।

ਔਂਕੜ :- ਔਂਕੜ ਦੀ ਅਵਾਜ਼ 'ਉ' ਵਾਂਗ ਹੁੰਦੀ ਹੈ। ਇਹ ਹਿੰਦੀ ਦੇ "ਛੋਟਾ ਉ" ਨਾਲ ਮਿਲਦੀ-ਜੁਲਦੀ ਹੈ।

ਔਂਕੜ


ਗ+_+ਲਾ+ਬ = ਗੁਲਾਬ


ਜ+_+ਰਾ+ਬ = ਜੁਰਾਬ


ਕ+_+ੜ+ਤਾ = ਕੁੜਤਾ


ਕ+_+ਲ+ਫ਼ੀ = ਕੁਲਫ਼ੀ


ਸ+_+ਰਾ+ਹੀ = ਸੁਰਾਹੀ


ਕ+_+ੜੀ = ਕੁੜੀ

Tender Heart High School Class- IV (Punjabi)

Chapter- 9 Gurpreet Kaur



ਸਾਰੇ ਵਿਦਿਆਰਥੀ ਇਹਨਾਂ ਸ਼ਬਦਾਂ ਦਾ ਲਿਖਕੇ ਅਤੇ ਬੋਲਕੇ ਅਭਿਆਸ ਕਰਨ।

## ਪੜ੍ਹੋ, ਬੋਲੋ ਤੇ ਲਿਖੋ-

| | | | | |
|---|---|---|---|---|
| ਗੁੜ | ਸੁਰ | ਤੁਰ | ਪੁਲ | ਸੁਣ |
| ਕੁੜੀ | ਪੁੜੀ | ਬੁਰਾ | ਸੁਣਾ | ਭੁਲਾ |
| ਸੁਸ਼ਮਾ | ਕੁਕੜੀ | ਲੁਹਾਰ | ਉਮਰ | ਰੁਮਾਲ |
| ਬੁਲਬੁਲ | ਉਸਤਾਦ | ਗੁਜਰਾਤ | ਘੁਮਿਆਰ | ਹੁਸ਼ਿਆਰ |

'ਔਖੇ' ਸ਼ਬਦਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਕਾਪੀਆਂ ਵਿੱਚ ਲਿਖੋ। ਆਓ, ਹੁਣ ਕਵਿਤਾ ਪੜ੍ਹੀਏ।

## ਸੁਮਨ ਸੁਣ



ਸੁਣ-ਸੁਣ ਸੁਮਨ ਸੁਣ।
ਕੁਕੜੀ ਦੀ ਕੁੜ-ਕੁੜ ਸੁਣ।
ਬੁਲਬੁਲ ਦੀ ਅਵਾਜ਼ ਵੀ ਸੁਣ।
ਸੁਰੀਲੀ ਅਵਾਜ਼ ਮੁੜ-ਮੁੜ ਸੁਣ।
ਸੁਨੀਤਾ ਆ। ਕੁਲਫ਼ੀ ਖਾ।
ਬਜ਼ਾਰ ਜਾ। ਪੁਸਤਕ ਲਿਆ।
ਗ਼ੁਬਾਰਾ ਫੁਲਾ। ਸੁਰਮਾ ਪਾ।
ਜੁਰਾਬ ਪਾ। ਕੁੜਤੀ ਪਾ।

Tender Heart High School Class-IV (Punjabi)


Gurpreet

ਆਓ, ਹੁਣ ਪੰਨਾ ਨੰਬਰ-29 'ਤੇ ਦਿੱਤਾ ਅਭਿਆਸ ਹੱਲ ਕਰੀਏ।


## ਅਭਿਆਸ

Last page-③

1. ਹੇਠ ਦਿੱਤੀਆਂ ਤਸਵੀਰਾਂ ਨੂੰ ਪਛਾਣੋ ਅਤੇ ਉਨ੍ਹਾਂ ਦੇ ਨਾਂ ਲਿਖੋ-



ਪੁਸਤਕ


ਕੁਰਸੀ


ਬੁਲਬੁਲ


ਮੁਰਗੀ


ਲੁਹਾਰਣ


ਰੁਮਾਲ

2. ਹੇਠ ਲਿਖੇ ਸ਼ਬਦਾਂ ਨੂੰ ਔਂਕੜ ਦੀ ਮਾਤਰਾ ( ੁ ) ਲਾ ਕੇ ਨਵੇਂ ਸ਼ਬਦ ਬਣਾਓ-

| | | | |
|---|---|---|---|
| ਪਲ | ਪੁਲ | ਕਸਮ | ਕੁਸਮ |
| ਬਣ | ਬੁਣ | ਪਰਖ | ਪੁਰਖ |
| ਨਰ | ਨੁਰ | ਸਰਮਾ | ਸੁਰਮਾ |
| ਕਲ | ਕੁਲ | ਕੜੀ | ਕੁੜੀ |
| ਗਣ | ਗੁਣ | ਗਲਾਲ | ਗੁਲਾਲ |